¡vota!

投票!

vote!

bỏ phiếu!

투표하세요!

## ਸਾਡੇ ਨਾਲ ਸੰਪਰਕ ਕਰੋ

**ਫੋਨ**

206-296-VOTE (8683)
1-800-325-6165
TTY Relay: 711

**ਈਮੇਲ**

elections@kingcounty.gov

**ਔਨਲਾਈਨ**

kingcounty.gov/elections

**ਡਾਕ ਰਾਹੀਂ ਜਾਂ ਵਿਅਕਤੀਗਤ ਤੌਰ ਤੇ**

**King County Elections**
919 Southwest Grady Way
Renton, WA 98057

ਕੰਮ ਕਰਨ ਵਾਲੇ ਦਿਨਾਂ ਨੂੰ ਖੁੱਲ੍ਹਦਾ ਹੈ
8:30 a.m. – 4:30 p.m.

**ਵੋਟਰ ਰਜਿਸਟ੍ਰੇਸ਼ਨ ਅੰਤਕਾ**

ਕੇਵਲ ਵੋਟਰ ਰਜਿਸਟ੍ਰੇਸ਼ਨ ਸੇਵਾਵਾਂ ਲਈ

King County Administration Building
500 4th Avenue, Room 440
Seattle, WA 98104

ਕੰਮ ਕਰਨ ਵਾਲੇ ਦਿਨਾਂ ਨੂੰ ਖੁੱਲ੍ਹਦਾ ਹੈ
8:30 a.m. – 1 p.m. ਅਤੇ 2 p.m. – 4:30 p.m.

King County
Elections

Punjabi

# King County ਵਿੱਚ ਵੋਟਿੰਗ ਲਈ ਗਾਈਡ

ਵੋਟ!









## ਵੋਟ ਪਾਉਣ ਲਈ ਕਿਵੇਂ ਰਜਿਸਟਰ ਕਰੀਏ

* ਔਨਲਾਈਨ
* ਡਾਕ ਰਾਹੀਂ
* ਵਿਅਕਤੀਗਤ ਤੌਰ ਤੇ

ਵੇਰਵਿਆਂ ਲਈ ਇਸ ਵੈਬਸਾਈਟ ਤੇ ਜਾਓ:

**kingcounty.gov/elections/register**

## ਵੋਟ ਪਾਉਣ ਲਈ ਕੌਣ ਰਜਿਸਟਰ ਕਰ ਸਕਦਾ ਹੈ:

ਇਹ ਜ਼ਰੂਰੀ ਹੈ ਕਿ ਤੁਸੀਂ:

* ਅਮਰੀਕਾ (United States) ਦੇ ਨਾਗਰਿਕ ਹੋ;
* ਮਤਦਾਨ ਦੀ ਤਾਰੀਖ ਤੋਂ ਘੱਟੋ-ਘੱਟ 30 ਦਿਨ ਪਹਿਲਾਂ ਵਾਸ਼ਿੰਗਟਨ ਪ੍ਰਾਂਤ (Washington State) ਦੇ ਕਨੂੰਨੀ ਵਸਨੀਕ ਹੋ;
* ਮਤਦਾਨ ਵਾਲੇ ਦਿਨ ਘੱਟੋ-ਘੱਟ 18 ਸਾਲ ਦੇ ਹੋ;
* ਅਦਾਲਤ ਦੇ ਕਿਸੇ ਆਦੇਸ਼ ਕਾਰਨ ਵੋਟ ਪਾਉਣ ਲਈ ਅਯੋਗ ਨਹੀਂ ਹੋ; ਅਤੇ
* ਵਾਸ਼ਿੰਗਟਨ ਸੰਗੀਨ ਜੁਰਮ ਦੇ ਦੋਸ਼ ਲਈ ਸੁਧਾਈ ਵਿਭਾਗ (Department of Corrections) ਦੀ ਨਿਗਰਾਨੀ ਅੰਦਰ ਨਹੀਂ ਹੋ।

ਤੁਸੀਂ ਇੱਕ ਤੋਂ ਜ਼ਿਆਦਾ ਪ੍ਰਾਂਤਾਂ ਵਿੱਚ ਵੋਟ ਨਹੀਂ ਪਾ ਸਕਦੇ। ਆਪਣੇ-ਆਪ ਨੂੰ ਰਜਿਸਟਰ ਕਰਨ ਤੋਂ ਪਹਿਲਾਂ ਯਕੀਨੀ ਬਣਾਓ ਕਿ ਤੁਸੀਂ ਕਿਸੇ ਵੀ ਪਿਛਲੀ ਵੋਟਰ ਰਜਿਟ੍ਰੇਸ਼ਨ ਨੂੰ ਰੱਦ ਕਰਦੇ ਹੋ।

## ਵੋਟਰ ਰਜਿਸਟ੍ਰੇਸ਼ਨ ਦੀ ਅੰਤਿਮ ਤਾਰੀਖ

ਤੁਸੀਂ ਕਿਸੇ ਵੀ ਸਮੇਂ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹੋ।

ਜੇ ਤੁਸੀਂ ਆਉਣ ਵਾਲੀਆਂ ਚੋਣਾਂ ਵਿੱਚ ਵੋਟ ਪਾਉਣਾ ਚਾਹੁੰਦੇ ਹੋ, ਤਾਂ ਖਾਸ ਅੰਤਿਮ ਤਾਰੀਖਾਂ ਹਨ। ਜ਼ਿਆਦਾ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ ਜਾਂ ਸਾਡੀ ਵੈੱਬਸਾਇਟ ਤੇ ਜਾਓ।

## ਹੋਰ ਭਾਸ਼ਾਵਾਂ ਵਿੱਚ ਵੋਟਿੰਗ ਸਮੱਗਰੀਆਂ

ਅੰਗ੍ਰੇਜ਼ੀ ਤੋਂ ਇਲਾਵਾ ਕਿੰਗ ਕਾਉਂਟੀ ਚੋਣਾਂ (King County Elections) ਚੀਨੀ, ਕੋਰੀਆਈ, ਸਪੇਨੀ ਅਤੇ ਵੀਅਤਨਾਮੀ ਭਾਸ਼ਾ ਵਿੱਚ ਵੋਟਿੰਗ ਸਮੱਗਰੀਆਂ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਭਾਸ਼ਾਵਾਂ ਵਿਚੋਂ ਕਿਸੇ ਵਿੱਚ ਵੋਟਿੰਗ ਸਮੱਗਰੀਆਂ ਦੀ ਬੇਨਤੀ ਕਰਨ ਲਈ ਸਾਡੇ ਨਾਲ ਸੰਪਰਕ ਕਰੋ।

## ਵੋਟ ਪਰਚੀ (ਬੈਲਟ) ਕਿਵੇਂ ਪ੍ਰਾਪਤ ਕਰੀਏ

### ਡਾਕ ਰਾਹੀਂ

ਵਾਸ਼ਿੰਗਟਨ ਪ੍ਰਾਂਤ (Washington State) ਡਾਕ ਰਾਹੀਂ ਵੋਟਾਂ ਪਾਉਂਦਾ ਹੈ। ਜੇ ਤੁਸੀਂ ਵੋਟ ਪਾਉਣ ਲਈ ਰਜਿਸਟਰਡ ਹੋ, ਤਾਂ ਤੁਹਾਨੂੰ ਡਾਕ ਵਿੱਚ ਵੋਟ ਪਰਚੀ ਮਿਲੇਗੀ।
ਵੋਟ ਪਰਚੀਆਂ ਮਤਦਾਨ ਵਾਲੇ ਦਿਨ ਤੋਂ ਲਗਭਗ ਤਿੰਨ ਹਫਤੇ ਪਹਿਲਾਂ, ਅਤੇ ਸੈਨਿਕਾਂ ਅਤੇ ਵਿਦੇਸ਼ੀ ਵੋਟਰਾਂ ਨੂੰ ਹੋਰ ਵੀ ਜਲਦੀ ਭੇਜੀਆਂ ਜਾਂਦੀਆਂ ਹਨ।

### ਵੋਟ ਪਾਉਣ ਦੇ ਸੁਲੱਭ ਵਿਕਲਪ

ਜ਼ਿਆਦਾਤਰ ਲੋਕਾਂ ਲਈ ਡਾਕ ਰਾਹੀਂ ਵੋਟ ਪਾਉਣਾ ਸੌਖਾ ਵਿਕਲਪ ਹੁੰਦਾ ਹੈ। ਹੋਰ ਵਿਕਲਪ ਉਪਲਬਧ ਹਨ:

* ਔਨਲਾਈਨ ਵੋਟ ਪਰਚੀ ਤੇ ਨਿਸ਼ਾਨ ਲਗਾਉਣ ਦਾ ਪ੍ਰੋਗਰਾਮ
* ਵੋਟ ਪਾਉਣ ਦੇ ਸੁਲੱਭ ਕੇਂਦਰ

ਜ਼ਿਆਦਾ ਜਾਣਕਾਰੀ ਲਈ ਸਾਡੇ ਨਾਲ ਸੰਪਰਕ ਕਰੋ ਜਾਂ ਸਾਡੀ ਵੈੱਬਸਾਇਟ ਤੇ ਜਾਓ।

## ਵੋਟਰ ਪੱਤ੍ਰਿਕਾਵਾਂ

ਵੋਟਰ ਪੱਤ੍ਰਿਕਾ ਉਮੀਦਵਾਰਾਂ ਅਤੇ ਵੋਟ ਪਰਚੀ ਤੇ ਉਪਾਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਪ੍ਰਾਰੰਭਿਕ ਅਤੇ ਆਮ ਚੋਣਾਂ ਲਈ ਵੋਟਰ ਪੱਤ੍ਰਿਕਾਵਾਂ King County ਵਿੱਚ ਸਾਰੇ ਘਰਾਂ ਨੂੰ ਡਾਕ ਰਾਹੀਂ ਭੇਜੀਆਂ ਜਾਂਦੀਆਂ ਹਨ।

## ਵੋਟ ਪਾਉਣ ਲਈ ਸੁਝਾਅ

* ਵੋਟ ਪਰਚੀ, ਲਿਫਾਫੇ ਅਤੇ ਵੋਟਰ ਪੱਤ੍ਰਿਕਾ ਨੂੰ ਧਿਆਨ ਨਾਲ ਪੜ੍ਹੋ।
* ਆਪਣੀ ਵੋਟ ਪਰਚੀ ਨੂੰ ਭਰਨ ਲਈ ਕਾਲੀ ਸ਼ਾਹੀ ਵਾਲੇ ਪੈੱਨ ਦੀ ਵਰਤੋਂ ਕਰੋ।
* ਵਾਪਸੀ ਲਿਫਾਫੇ ਦੇ ਪਿੱਛਲੇ ਪਾਸੇ ਘੋਸ਼ਣਾ ਪੱਤਰ ਤੇ ਦਸਤਖਤ ਕਰੋ।
* ਤੁਹਾਡੀ ਵੋਟ ਪਰਚੀ ਨੂੰ ਨਹੀਂ ਗਿਣਿਆ ਜਾਵੇਗਾ ਭਾਵੇਂ ਤੁਸੀਂ ਹਰ ਮੁਕਾਬਲੇ ਲਈ ਵੋਟ ਨਹੀਂ ਪਾਉਂਦੇ।

## ਆਪਣੀ ਵੋਟ ਪਰਚੀ ਨੂੰ ਵਾਪਸ ਕਿਵੇਂ ਕਰਨਾ ਹੈ

ਤੁਸੀਂ ਆਪਣੀ ਵੋਟ ਪਰਚੀ ਦੇ ਮਿਲਣ ਤੋਂ ਬਾਅਦ ਜਲਦੀ ਤੋਂ ਜਲਦੀ ਵੋਟ ਪਾ ਕੇ ਇਸ ਨੂੰ ਵਾਪਸ ਕਰ ਸਕਦੇ ਹੋ। ਆਪਣੀ ਵੋਟ ਪਰਚੀ ਨੂੰ ਜਲਦੀ ਵਾਪਸ ਭੇਜਣ ਨਾਲ ਤੁਹਾਡੇ ਦਸਤਖਤ ਸੰਬੰਧੀ ਕਿਸੇ ਵੀ ਮੁੱਦਿਆਂ ਨੂੰ ਸਹੀ ਕਰਨ ਦਾ ਸਮਾਂ ਮਿਲ ਜਾਂਦਾ ਹੈ ਤਾਂ ਜੋ ਅਸੀ ਤੁਹਾਡੀ ਵੋਟ ਪਰਚੀ ਨੂੰ ਗਿਣ ਸਕੀਏ। ਤੁਸੀਂ ਆਪਣੀ ਵੋਟ ਪਰਚੀ ਨੂੰ ਬੈਲਟ ਡਰਾਪ ਬਾਕਸ (ਵੋਟ ਪਰਚੀ ਵਾਲੇ ਬਾਕਸ) ਵਿੱਚ ਜਾਂ ਡਾਕ ਰਾਹੀਂ ਵਾਪਸ ਭੇਜ ਸਕਦੇ ਹੋ।

### ਬੈਲਟ ਡਰਾਪ ਬਾਕਸ (ਵੋਟ ਪਰਚੀ ਵਾਲੇ ਬਾਕਸ)

ਆਪਣੀ ਵੋਟ ਪਰਚੀ ਨੂੰ ਬੈਲਟ ਡਰਾਪ ਬਾਕਸ (ਵੋਟ ਪਰਚੀ ਵਾਲੇ ਬਾਕਸ) ਵਿੱਚ ਪਾਓ, ਕਿਸੇ ਸਟੈਂਪ ਦੀ ਲੋੜ ਨਹੀਂ ਹੈ। ਤੁਹਾਡੀ ਵੋਟ ਪਰਚੀ ਮਤਦਾਨ ਵਾਲੇ ਦਿਨ 8 p.m. ਤਕ ਕਿਸੇ ਬੈਲਟ ਡਰਾਪ ਬਾਕਸ (ਵੋਟ ਪਰਚੀ ਵਾਲੇ ਬਾਕਸ) ਵਿੱਚ ਵਾਪਸ ਕਰ ਦਿੱਤੀ ਜਾਣੀ ਚਾਹੀਦੀ ਹੈ।

ਤੁਸੀਂ ਵਰਤਮਾਨ ਮਤਦਾਨ ਲਈ ਨਿਰਧਾਰਿਤ ਸਥਾਨਾਂ (ਲੋਕੇਸ਼ਨਾਂ) ਨੂੰ ਵੋਟਰ ਪੱਤ੍ਰਿਕਾ ਜਾਂ ਸਾਡੀ ਵੈੱਬਸਾਇਟ ਤੇ ਲੱਭ ਸਕਦੇ ਹੋ।

### ਡਾਕ ਰਾਹੀਂ

ਆਪਣੀ ਵੋਟ ਪਰਚੀ ਤੇ ਫਸਟ-ਕਲਾਸ ਸਟੈਂਪ ਲਗਾਓ ਅਤੇ ਇਸ ਨੂੰ ਵਾਪਸ ਸਾਡੇ ਕੋਲ ਡਾਕ ਰਾਹੀਂ ਭੇਜ ਦਿਓ। ਮਤਦਾਨ ਵਾਲੇ ਦਿਨ ਤਕ ਤੁਹਾਡੀ ਵੋਟ ਪਰਚੀ ਤੇ ਡਾਕ ਮੋਹਰ ਲੱਗ ਜਾਣੀ ਚਾਹੀਦੀ ਹੈ। ਅਖੀਰਲੇ ਮਿੰਟ ਤਕ ਉਡੀਕ ਨਾ ਕਰੋ!